ਮਿੱਠੇ ਬੱਚੇ:- "ਮਿੱਠੇ ਬੱਚੇ :- ਮਾਇਆ ਦੀ ਪੀੜਾ ਤੋਂ ਬਚਨ ਦੇ ਲਈ ਬਾਪ ਦੀ ਸ਼ਰਨ ਵਿੱਚ ਆ ਜਾਓ, ਈਸ਼ਵਰ ਦੀ ਸ਼ਰਨ ਆਉਣ ਨਾਲ 21 ਜਨਮ ਦੇ ਲਈ ਮਾਇਆ ਦੇ ਬੰਧੰਨ ਤੋਂ ਛੁੱਟ ਜਾਓਗੇ"

ਪ੍ਰਸ਼ਨ:- ਤੁਸੀਂ ਬੱਚੇ ਕਿਸ ਪੁਰਸ਼ਾਰਥ ਨਾਲ ਮੰਦਿਰ ਲਾਇਕ ਬਣ ਜਾਂਦੇ ਹੋ?

ਉੱਤਰ:- ਮੰਦਿਰ ਲਾਇਕ ਪੂਜਯ ਬਣਨ ਦੇ ਲਈ ਭੂਤਾਂ ਤੋਂ ਬਚਨ ਦਾ ਪੁਰਸ਼ਾਰਥ ਕਰੋ। ਕਦੀ ਵੀ ਕਿਸੇ ਵੀ ਭੂਤ ਦੀ ਪ੍ਰਵੇਸ਼ਤਾ ਨਹੀਂ ਹੋਣੀ ਚਾਹੀਦੀ। ਜਦੋਂ ਕਿਸੇ ਵਿੱਚ ਭੂਤ ਦੇਖੋ, ਕੋਈ ਵੀ ਕ੍ਰੋਧ ਕਰਦਾ ਹੈ ਜਾਂ ਮੋਹ ਦੇ ਵਸ਼ ਹੋ ਜਾਂਦਾ ਹੈ ਤਾਂ ਉਸ ਤੋਂ ਕਿਨਾਰਾ ਕਰ ਲਵੋ। ਪਵਿੱਤਰ ਰਹਿਣ ਦੀ ਖੁਦ ਨਾਲ ਪ੍ਰਤਿਗਿਆ ਕਰੋ। ਸੱਚੀ - ਸੱਚੀ ਰਾਖੀ ਬਣੋ।

ਗੀਤ:- ਤੁਮ੍ਹਾਰੇ ਬੁਲਾਉਣੇ ਕੋ ਜੀ ਚਾਹਤਾ ਹੈ...

ਓਮ ਸ਼ਾਂਤੀ। ਭਗਤ ਸਦੈਵ ਬੁਲਾਉਂਦੇ ਹਨ ਭਗਵਾਨ ਨੂੰ। ਭਗਵਾਨ ਨੂੰ ਪਰਮਪਿਤਾ ਪਰਮਾਤਮਾ ਕਿਹਾ ਜਾਂਦਾ ਹੈ। ਕਹਿੰਦੇ ਹਨ - ਹੇ ਪਤਿਤ - ਪਾਵਨ ਪਰਮਪਿਤਾ ਪਰਮਾਤਮਾ, ਆਕੇ ਸਾਨੂੰ ਬੱਚਿਆਂ ਨੂੰ ਪਤਿਤ ਤੋਂ ਪਾਵਨ ਬਣਾਓ। ਤਾਂ ਜਰੂਰ ਸਭ ਪਤਿਤ ਠਹਿਰੇ ਕਿਉਂਕਿ ਰਾਵਣ ਦਾ ਰਾਜ ਹੈ, ਪੰਜ ਵਿਕਾਰ ਸਰਵਵਿਆਪੀ ਹਨ। ਇਵੇਂ ਨਹੀਂ ਕਿ ਸਤਿਯੁਗ ਵਿੱਚ ਵੀ 5 ਵਿਕਾਰ ਸਰਵਵਿਆਪਕ ਹਨ। ਨਹੀਂ, ਉਹਨਾਂ ਨੂੰ ਕਿਹਾ ਜਾਂਦਾ ਹੈ ਸੰਪੂਰਨ ਨਿਰਵਿਕਾਰੀ ਦੁਨੀਆ। ਇਹ ਹੈ ਸੰਪੂਰਨ ਵਿਕਾਰੀ ਦੁਨੀਆ। ਭਾਰਤ ਸੰਪੂਰਨ ਨਿਰਵਿਕਾਰੀ ਸੀ - ਇਹ ਭੁੱਲ ਗਏ ਹਨ। ਮੰਦਿਰਾਂ ਵਿੱਚ ਜਾਕੇ ਦੇਵਤਾਵਾਂ ਦੀ ਉਪਮਾ ਵੀ ਕਰਦੇ ਹਨ ਕਿ ਤੁਸੀਂ ਸਰਵਗੁਣ ਸੰਪੰਨ, ਸੰਪੂਰਨ ਨਿਰਵਿਕਾਰੀ ਹੋ। ਇੱਥੇ ਸੰਪੂਰਨ ਵਿਕਾਰੀ ਹਨ। ਇਸਲਈ ਬਾਪ ਨੂੰ ਬੁਲਾਉਂਦੇ ਹਨ। ਬਾਪ ਆਕੇ ਸੰਪੂਰਨ ਵਿਕਾਰੀਆਂ ਨੂੰ ਸ਼ਰਨ ਵਿੱਚ ਲੈਂਦੇ ਹਨ। ਸ਼ਰਨਾਗਤੀ ਹੁੰਦੀ ਹੈ ਨਾ। ਹੁਣ ਸਭ ਰਫਿਊਜੀ ਹਨ ਤਾਂ ਪੁਕਾਰਦੇ ਹਨ। ਆਤਮਾ ਪੁਕਾਰਦੀ ਹੈ ਬਾਪ ਨੂੰ - ਬਾਬਾ, ਅਸੀਂ ਆਤਮਾਵਾਂ ਬਿਲਕੁਲ ਵਿਕਾਰੀ ਬਣ ਗਈਆਂ ਹਾਂ, ਤੁਸੀਂ ਆਕੇ ਨਿਰਵਿਕਾਰੀ ਬਣਾਓ। ਇਕ - ਦੋ ਨੂੰ ਮਾਰਦੇ ਰਹਿੰਦੇ ਹਨ, ਇਸਲਈ ਇਹਨਾਂ ਨੂੰ ਡੇਵਿਲ ਵੀ ਕਿਹਾ ਜਾਂਦਾ ਹੈ। ਭਾਰਤ ਡੀ.ਟੀ ਵਰਲਡ ਸੀ - ਮਨੁੱਖ ਇਹ ਨਹੀਂ ਜਾਣਦੇ। ਬਰੋਬਰ ਦੇਵੀ - ਦੇਵਤਾਵਾਂ ਦੀ ਭੂਮੀ ਸੀ, ਉਹ ਰਾਜ ਕਰਦੇ ਸੀ। ਪਰ ਅੱਧਾਕਲਪ ਤੋਂ ਮਾਇਆ ਨੇ ਹੌਲੀ - ਹੌਲੀ ਬਿਲਕੁਲ ਹੀ ਪਤਿਤ ਬਣਾ ਦਿੱਤਾ ਹੈ ਇਸਲਈ ਕਹਿੰਦੇ ਹਨ ਹੁਣ ਅਸੀਂ ਪਤਿਤਾਂ ਨੂੰ ਆਕੇ ਸ਼ਰਨ ਲਵੋ। ਹੁਣ ਤੁਸੀਂ ਆਕੇ ਪਰਮਪਿਤਾ ਪਰਮਾਤਮਾ ਦੀ ਗੋਦ ਲਿੱਤੀ ਹੈ - ਭਵਿੱਖ ਦੇਵੀ - ਦੇਵਤਾ ਬਣਨ ਦੇ ਲਈ। ਇਹ ਹੈ ਈਸ਼ਵਰੀ ਗੋਡ ਫਾਦਰਲੀ ਮਿਸ਼ਨ, ਪਤਿਤ ਨੂੰ ਪਾਵਨ ਅਤੇ ਕੰਡਿਆਂ ਨੂੰ ਫੁੱਲ ਬਣਾਉਣ ਦੀ ਮਿਸ਼ਨ ਹੈ। ਬੱਚਿਆਂ ਦਾ ਧੰਦਾ ਹੀ ਹੈ ਪਰਮਪਿਤਾ ਪਰਮਾਤਮਾ ਦੀ ਮਤ ਤੇ ਕੰਡਿਆਂ ਨੂੰ ਫੁੱਲ ਬਣਾਉਣਾ, ਨਰਕਵਾਸੀਆਂ ਨੂੰ ਸਵਰਗਵਾਸੀ ਬਣਾਉਣਾ। ਤੁਸੀਂ ਕਹਿੰਦੇ ਹੋ ਓ ਗੋਡ ਫਾਦਰ, ਤਾਂ ਜਰੂਰ ਤੁਸੀਂ ਉਹਨਾਂ ਨੂੰ ਜਾਣਦੇ ਹੋ ਨਾ। ਫਿਰ ਇਵੇਂ ਕਹਿ ਨਾ ਸਕਣ ਕਿ ਪਰਮਾਤਮਾ ਕਿੱਥੇ ਹੈ! ਅਰੇ, ਆਤਮਾ ਬੋਲਦੀ ਹੈ ਓ ਗੋਡ ਫ਼ਾਦਰ। ਆਤਮਾਵਾਂ ਪੁਕਾਰਦੀਆਂ ਹਨ ਪਰਮਾਤਮਾ ਨੂੰ, ਉਹ ਇਹਨਾਂ ਅੱਖਾਂ ਨਾਲ ਦੇਖਣ ਵਿੱਚ ਨਹੀਂ ਆਉਂਦਾ। ਆਤਮਾ ਵੀ ਦੇਖਣ ਵਿੱਚ ਨਹੀਂ ਆਉਂਦੀ। ਇਹ ਤਾਂ ਸਮਝ ਦੀ ਗੱਲ ਹੈ ਨਾ। ਆਤਮਾ ਜਯੋਤੀ ਸਵਰੂਪ ਹੈ। ਪਰਮਪਿਤਾ ਪਰਮਾਤਮਾ ਦਾ ਵੀ ਉਹ ਰੂਪ ਹੈ। ਬਾਪ ਕਹਿੰਦੇ ਹਨ ਤੁਸੀਂ ਆਤਮਾ ਇੱਕ ਚੋਲਾ ਲੈ ਦੂਸਰਾ ਲੈਂਦੇ ਹੋ। ਤੁਸੀਂ ਆਤਮਾ ਅਵਿਨਾਸ਼ੀ ਹੋ, ਸ਼ਰੀਰ ਵਿਨਾਸ਼ੀ ਹੈ। ਆਤਮਾ ਸ਼ਰੀਰ ਛੱਡਦੀ ਹੈ। ਕਹਿਣਗੇ ਸਾਡਾ ਬਾਪ ਮਰ ਗਿਆ, ਪਰ ਆਤਮਾ ਮਰਦੀ ਨਹੀਂ। ਆਤਮਾ ਨੂੰ ਬੁਲਾਉਂਦੇ ਹਨ। ਇਹ ਤੁਸੀਂ ਹੁਣ ਸਮਝਦੇ ਹੋ। ਬਾਕੀ ਸਾਰੀ ਦੁਨੀਆਂ ਦੇ ਮਨੁੱਖ ਮਾਤਰ ਬਾਪ ਨੂੰ ਬਿਲਕੁਲ ਨਹੀਂ ਜਾਣਦੇ ਹਨ ਇਸਲਈ ਆਪਸ ਵਿੱਚ ਕਿੰਨਾ ਲੜ੍ਹਦੇ - ਝਗੜਦੇ ਰਹਿੰਦੇ ਹਨ। ਹੁਣ ਮੂਸਲਾਂ ਨਾਲ ਪਤਾ ਨਹੀਂ ਕੀ ਕਰਨਗੇ! ਇਹਨਾਂ ਨੂੰ ਕਿਹਾ ਜਾਂਦਾ ਹੈ ਡੇਵਿਲ੍ਸ। ਬਾਬਾ ਕਹਿੰਦੇ ਹਨ ਮੈਂ ਕੋਈ ਇਵੇਂ ਦੀ ਸ੍ਰਿਸ਼ਟੀ ਥੋੜੇ ਹੀ ਰਚਦਾ ਹਾਂ। ਬਾਬਾ ਤੇ ਸਵਰਗ ਰਚਦੇ ਹਨ। ਸਵਰਗ ਦਾ ਮਾਲਿਕ ਬਣਾਉਂਦੇ ਹਨ। ਤਾਂ ਜਰੂਰ ਬਾਪ ਨੂੰ ਆਉਣਾ ਪਵੇ ਨਾ। ਬਾਪ ਕਹਿੰਦੇ ਹਨ ਹੇ ਬੱਚੇ, ਮੈਂ ਆਇਆ ਹਾਂ, ਜੋ ਪਤਿਤ - ਦੁੱਖੀ ਹੋ ਗਏ ਹਨ, ਉਹਨਾਂ ਨੂੰ ਸਦਾ ਸੁਖੀ ਬਣਾਉਣ। ਉੱਥੇ ਕੋਈ ਇਵੇਂ ਨਹੀਂ ਕਹਿਣਗੇ- ਪਤਿਤ - ਪਾਵਨ ਆਓ ਜਾਂ ਓ ਗੋਡ ਫ਼ਾਦਰ ਰਹਿਮ ਕਰੋ। ਇਵੇਂ ਕਦੀ ਬੁਲਾਉਂਦੇ ਨਹੀਂ ਹਨ ਕਿਉਂਕਿ ਹੈ ਹੀ ਸੁਖੀ। ਦੁੱਖ ਵਿੱਚ ਸਾਰੇ ਯਾਦ ਕਰਦੇ ਹਨ। ਆਤਮਾ ਹੀ ਯਾਦ ਕਰਦੀ ਹੈ। ਸ਼ਰੀਰ ਦੇ ਨਾਲ ਸੁਖ - ਦੁੱਖ ਹੁੰਦਾ ਹੈ। ਸ਼ਰੀਰ ਨਹੀਂ ਹੈ ਤਾਂ ਆਤਮਾ ਸੁਖ ਦੁੱਖ ਤੋਂ ਨਿਆਰੀ ਹੈ। ਬਾਪ ਕਹਿੰਦੇ ਹਨ ਮੈਂ ਇਹਨਾਂ ਵਿੱਚ ਪ੍ਰਵੇਸ਼ ਕਰ ਇਹਨਾਂ ਦਾ ਨਾਮ ਬ੍ਰਹਮਾ ਰੱਖਦਾ ਹਾਂ। ਕਈ ਤਾਂ ਚੰਗੀ ਤਰ੍ਹਾਂ ਸਮਝ ਲੈਂਦੇ ਹਨ, ਕਈ ਨਹੀਂ ਸਮਝਦੇ ਹਨ, ਤਾਂ ਸਮਝਿਆ ਜਾਂਦਾ ਹੈ - ਇਹ ਪਾਵਨ ਦੁਨੀਆਂ ਵਿੱਚ ਚੱਲਣ ਦੇ ਲਾਇਕ ਨਹੀਂ ਹਨ ਇਸਲਈ ਸ਼੍ਰੀਮਤ ਤੇ ਨਹੀਂ ਚੱਲਦੇ ਹਨ। ਇਹ ਹੈ ਹੀ ਆਸੁਰੀ ਰਾਵਣ ਸੰਪ੍ਰਦਾਈ। ਰਾਵਣ ਨੂੰ ਹਰ ਵਰ੍ਹੇ ਸਾੜਦੇ ਹਨ ਨਾ। ਇਹ ਨਿਸ਼ਾਨੀ ਹੈ। ਹਰ ਵਰ੍ਹੇ ਰਾਖੀ ਵੀ ਬੰਨਵਾਉਂਦੇ ਹਨ ਕਿਉਂਕਿ ਪਵਿੱਤਰ ਵਰ੍ਹੇ - ਵਰ੍ਹੇ ਰਾਖੀ ਬੰਨਵਾਉਂਦੇ ਹਨ। ਰਾਖੀ ਹੈ ਪਵਿੱਤਰਤਾ ਦੀ ਨਿਸ਼ਾਨੀ। ਵਿਕਾਰੀਆਂ ਨੂੰ ਰਾਖੀ ਭੇਜ ਦਿੰਦੇ ਹਨ ਪ੍ਰਤਿਗਿਆ ਕਰੋ ਅਸੀਂ ਪਵਿੱਤਰ ਰਹਾਂਗੇ। ਪਵਿੱਤਰ ਬਣਨ ਨਾਲ 21 ਜਨਮ ਰਾਜ -ਭਾਗ ਪਾਓਗੇ।

ਬਾਬਾ ਕਹਿੰਦੇ ਹਨ - ਮੈਂ ਹੀ ਆਕੇ ਤੁਸੀਂ ਸਭਨੂੰ ਪੂਜਯ ਬਣਾਉਂਦਾ ਹਾਂ। ਹੁਣ ਤੁਸੀਂ ਪੁਜਾਰੀ ਹੋ। ਦੇਵਤਾਵਾਂ ਦੀ, ਠੀਕਰ - ਭਿਤਰ ਦੀ ਪੂਜਾ ਕਰਦੇ ਧੱਕੇ ਖਾਂਦੇ ਰਹਿੰਦੇ ਹੋ। ਮੈਂ ਤੁਹਾਨੂੰ ਇਹਨਾਂ ਧੱਕਿਆ ਤੋਂ ਛੁਡਾਏ ਪੂਜਯ ਸੋ ਲਕਸ਼ਮੀ - ਨਾਰਾਇਣ ਬਣਾਉਂਦਾ ਹਾਂ। ਤੁਸੀਂ

ਇੱਥੇ ਆਏ ਹੋ ਨਰ ਤੋਂ ਨਾਰਾਇਣ ਬਣਨ ਦੇ ਲਈ। ਅੱਧਾਕਲਪ ਮਾਇਆ ਤੋਂ ਪੀੜਿਤ ਹੋ ਹੁਣ ਤੁਸੀਂ ਆਕੇ ਸ਼ਰਨ ਲਈ ਹੈ ਪਰਮਪਿਤਾ ਪਰਮਾਤਮਾ ਦੀ। ਮੰਮਾ ਨੇ ਵੀ ਲੀਤੀ ਹੈ। ਇਸ ਬਾਬਾ ਨੇ ਵੀ ਸ਼ਰਨ ਲਈ ਹੈ ਸ਼ਿਵਬਾਬਾ ਦੀ। ਉਹਨਾਂ ਨੂੰ ਤਾਂ ਆਪਣਾ ਸ਼ਰੀਰ ਹੈ ਨਹੀਂ। ਉਹਨਾਂ ਦਾ ਨਾਮ ਹੀ ਹੈ ਸ਼ਿਵ। ਸ਼ਿਵਬਾਬਾ ਦਾ ਨਾਮ ਕਦੀ ਬਦਲਦਾ ਨਹੀਂ ਹੈ। ਮਨੁੱਖ ਆਤਮਾ ਦਾ ਨਾਮ ਬਦਲਦਾ ਰਹਿੰਦਾ ਹੈ। 84 ਨਾਮ ਮਿਲਦੇ ਹਨ। ਇਹਨਾਂ ਗੱਲਾਂ ਨੂੰ ਮਨੁੱਖ ਨਹੀਂ ਜਾਣਦੇ। 84 ਜਨਮ ਵੀ ਕਹਿੰਦੇ ਹਨ ਪਰ 84 ਜਨਮ ਕੌਣ ਲੈਂਦੇ ਹਨ, ਇਹ ਕੋਈ ਨਹੀਂ ਜਾਣਦੇ। ਭਾਰਤਵਾਸੀ, ਜੋ ਦੇਵੀ - ਦੇਵਤਾ ਸੀ, ਉਹ ਹੀ 84 ਜਨਮ ਲੈਂਦੇ ਹਨ। ਇਹ ਹੈ ਬੇਹੱਦ ਦਾ ਡਰਾਮਾ। ਇਸਨੂੰ ਮਨੁੱਖ ਨੂੰ ਹੀ ਤਾਂ ਜਾਨਣਾ ਹੈ। ਤੁਸੀਂ ਜਾਣਦੇ ਹੋ ਗੋਡ ਫ਼ਾਦਰ ਸਵਰਗ ਦਾ ਰਚਿਯਤਾ ਹੈ ਤਾਂ ਜਰੂਰ ਸਵਰਗ ਦਾ ਵਰਸਾ ਮਿਲਣਾ ਚਾਹੀਦਾ ਹੈ। ਭਾਰਤ ਸਵਰਗ ਸੀ। ਉਹ ਵਰਸਾ ਫਿਰ ਮਾਇਆ ਰਾਵਣ ਨੇ ਖੋਹ ਲਿਆ। ਹੁਣ ਫਿਰ ਮਾਇਆ ਤੇ ਜਿੱਤ ਪਾਉਣੀ ਹੈ। ਮਾਇਆ ਜਿੱਤ ਜਗਤਜਿੱਤ। ਰਾਵਣ ਤੋਂ ਹਾਰ ਖਾਦੀ ਤਾਂ ਡੇਵਿਲ ਬਣੇ, ਹੁਣ ਡੀਟੀ (ਦੇਵਤਾ) ਬਣਨਾ ਹੈ। ਕੰਡਿਆਂ ਨੂੰ ਕਲੀ, ਕਲੀ ਨੂੰ ਫਿਰ ਫੁੱਲ ਬਣਾਉਣਾ ਹੈ। ਮਾਇਆ ਦੇ ਤੂਫ਼ਾਨ ਆਉਣ ਨਾਲ ਕਲੀਆਂ ਤੋਂ ਫੁੱਲ ਝੜ੍ਹ ਜਾਂਦੇ ਹਨ। ਮਾਤ - ਪਿਤਾ ਦਾ ਬਣਕੇ ਫਿਰ ਫਾਰਗਤੀ ਦੇ ਦਿੰਦੇ ਹਨ। ਇਹ ਸਮਝਣ ਦੀ ਗੱਲ ਹੈ ਨਾ। ਅੰਗੇ ਅੱਖਰੇ (ਤਿਥੀ -ਤਾਰੀਖ਼ ਸਹਿਤ) ਪਰੂਫ ਦੇਕੇ ਸਮਝਾਇਆ ਜਾਂਦਾ ਹੈ - ਉਹ ਮਨੁੱਖ ਸ੍ਰਿਸ਼ਟੀ ਦਾ ਉਲਟਾ ਝਾੜ੍ਹ ਹੈ, ਬੀਜ਼ ਰੂਪ ਉੱਪਰ ਵਿੱਚ ਹੈ, ਤਾਂ ਤੇ ਓ ਗੋਡ ਫ਼ਾਦਰ ਕਹਿ ਯਾਦ ਕਰਦੇ ਹਨ ਨਾ। ਇਹ ਨਾਲੇਜ਼ ਬੜੀ ਭਾਰੀ ਹੈ ਸਮਝਣ ਦੀ। ਤੁਸੀਂ ਬੱਚੇ ਸਮਝਦੇ ਹੋ ਸਭ ਆਤਮਾਵਾਂ ਦਾ ਜੋ ਬਾਪ ਹੈ ਉਹਨਾਂ ਨੂੰ ਹੀ ਯਾਦ ਕਰਦੇ ਹਨ। ਅਸੀਂ ਬ੍ਰਦਰ੍ਸ ਹਾਂ। ਸਭਨੂੰ ਬਾਪ ਕੋਲੋਂ ਵਰਸਾ ਮਿਲਣਾ ਚਾਹੀਦਾ ਹੈ। ਉਹਨਾਂ ਨੂੰ ਬ੍ਰਦਰਹੁਡ ਕਿਹਾ ਜਾਂਦਾ ਹੈ। ਤੁਸੀਂ ਹੋ ਭਰਾ - ਭਰਾ, ਵਰਸਾ ਮਿਲਣਾ ਹੈ ਬਾਪ ਕੋਲੋਂ। ਬਾਪ ਸਭਨੂੰ ਸੁਖ, ਸ਼ਾਂਤੀ ਦਾ ਵਰਸਾ ਦਿੰਦੇ ਹਨ। ਬਾਪ ਆਕੇ ਟੀਚਰ ਰੂਪ ਨਾਲ ਪੜ੍ਹਾਉਂਦੇ ਹਨ ਫਿਰ ਸਤਿਗੁਰੂ ਬਣ ਨਾਲ ਲੈ ਜਾਂਦੇ ਹਨ। ਸਤ ਇੱਕ ਹੀ ਗੋਡ ਫ਼ਾਦਰ ਨੂੰ ਕਿਹਾ ਜਾਂਦਾ ਹੈ। ਇਹਨਾਂ ਦਾ ਇਹ ਹੈ ਸਤਿਸੰਗ। ਸਤ ਦਾ ਸੰਗ ਤਾਰੇ। ਹੁਣ ਵਿਨਾਸ਼ ਹੋਣਾ ਹੈ। ਸਭਨੂੰ ਸ਼ਾਂਤੀਧਾਮ, ਸੁਖਧਾਮ ਜਾਣਾ ਹੈ। ਕਹਿੰਦੇ ਹਨ ਨਈਆ ਮੇਰੀ ਪਾਰ ਲਗਾਓ, ਅਸੀਂ ਵਿਸ਼ੇ ਸਾਗਰ ਵਿੱਚ ਡੁੱਬੇ ਹੋਏ ਹਾਂ। ਤਾਂ ਬਾਪ ਨੂੰ ਆਉਣਾ ਪਵੇ - ਸ਼ਾਂਤੀਧਾਮ ਸੁਖਧਾਮ ਵਿੱਚ ਲੈ ਜਾਣ। ਅੱਧਾਕਲਪ ਹੈ ਸੁਖਧਾਮ, ਅੱਧਾਕਲਪ ਹੈ ਦੁੱਖਧਾਮ। ਇਹ ਭਾਰਤ ਬਿਲਕੁਲ ਹੀ ਪਤਿਤ, ਭੋਗੀ ਹੋ ਗਿਆ ਹੈ। ਯੋਗੀ ਨਹੀਂ ਕਹਾਂਗੇ। ਸਤਿਯੁਗ - ਤ੍ਰੇਤਾ ਨੂੰ ਕਿਹਾ ਜਾਂਦਾ ਹੈ ਯੋਗੇਸ਼ਵਰ ਦਾ ਰਾਜ। ਸ਼੍ਰੀਕ੍ਰਿਸ਼ਨ ਨੂੰ ਯੋਗੇਸ਼ਵਰ ਕਹਿੰਦੇ ਹਨ। ਈਸ਼ਵਰ ਦੇ ਨਾਲ ਯੋਗ ਲਗਾਕੇ ਪਦਵੀ ਪਾਉਣਾ ਹੈ। ਸੋ ਤੁਸੀਂ ਪਾ ਰਹੇ ਹੋ। ਬਾਪ ਕਿੰਨਾ ਚੰਗੀ ਤਰ੍ਹਾਂ ਸਮਝਾਉਂਦੇ ਹਨ। ਸਮਝਾਉਣ ਵਾਲਾ ਹੈ ਗਿਆਨ ਸਾਗਰ। ਮਨੁੱਖ ਗਿਆਨ ਸਾਗਰ ਨਹੀਂ ਹੁੰਦਾ। ਇਹ (ਬਾਬਾ) ਆਪਣੇ ਨੂੰ ਗਿਆਨ ਸਾਗਰ ਨਹੀਂ ਕਹਿੰਦੇ। ਤੁਸੀਂ ਹੁਣ ਮਾਸਟਰ ਗਿਆਨ ਸਾਗਰ ਬਣ ਰਹੇ ਹੋ। ਗਿਆਨ ਸਾਗਰ ਕੋਲੋਂ ਸਾਰਾ ਗਿਆਨ ਹਪ ਕਰ ਲੈਂਦੇ ਹੋ। ਜਿਵੇਂ ਟੀਚਰ ਦਵਾਰਾ ਬੈਰਿਸਟਰ ਦਾ ਨਾਲੇਜ਼ ਸਟੂਡੈਂਟਸ ਹਪ ਕਰ ਲੈਂਦੇ ਹਨ ਫਿਰ ਬੈਰਿਸਟਰ ਬਣ ਜਾਂਦੇ ਹਨ। ਤੁਸੀਂ ਸਾਰੇ ਗਿਆਨ ਸਾਗਰ ਨੂੰ ਹਪ ਕਰ ਲੈਂਦੇ ਹੋ। ਸਾਰਾ ਗਿਆਨ ਆ ਜਾਏਗਾ ਉਦੋਂ ਫਿਰ ਤੁਸੀਂ ਪ੍ਰਾਲਬੱਧ ਪਾ ਲਵੋਂਗੇ। ਬਾਪ ਨਿਰਵਾਣਧਾਮ ਚਲੇ ਜਾਣਗੇ। ਤੁਸੀਂ ਬੱਚੇ ਨੰਬਰਵਾਰ ਪੁਰਸ਼ਾਰਥ ਅਨੁਸਾਰ ਵਰਸਾ ਲੈ ਲੈਂਦੇ ਹੋ। ਇਸ ਨਾਲੇਜ਼ ਨਾਲ ਤੁਸੀਂ ਸੋ ਦੇਵੀ - ਦੇਵਤਾ ਸਦਾ ਸੁਖੀ ਬਣ ਜਾਂਦੇ ਹੋ। ਹੁਣ ਤੁਸੀਂ ਈਸ਼ਵਰ ਦੀ ਸ਼ਰਣ ਵਿੱਚ ਆਉਂਦੇ ਹੋ। ਬਾਬਾ ਤੁਹਾਨੂੰ 21 ਜਨਮ ਮਾਇਆ ਦੇ ਬੰਧੰਨ ਤੋਂ ਛੁੱਡਾ ਲੈਂਦੇ ਹਨ। ਬਾਪ ਕਿੰਨਾ ਸਹਿਜ ਕਰ ਸਮਝਾਉਂਦੇ ਹਨ। ਪਾਰਸਬੁੱਧੀ ਬਣਨ ਵਾਲੇ ਜੋ ਹੋਣਗੇ ਉਹ ਹੀ ਬਣਨਗੇ।

ਤੁਸੀਂ ਸਮਝਦੇ ਹੋ ਅਸੀਂ ਬਾਬਾ ਕੋਲੋਂ ਕਲਪ - ਕਲਪ ਵਰਸਾ ਲੈਂਦੇ ਹਾਂ। ਮਾਇਆ ਖੋਹ ਲੈਂਦੀ ਹੈ ਫਿਰ ਮੈਂ ਆਕੇ ਤੁਹਾਨੂੰ ਸੁਖ - ਸ਼ਾਂਤੀ ਦਾ ਵਰਸਾ ਦਿੰਦਾ ਹਾਂ। ਰਾਵਣ ਦੁੱਖ ਦਾ ਵਰਸਾ ਦਿੰਦੇ ਹਨ, ਰਾਮ ਸੁਖ ਦਾ ਵਰਸਾ ਦਿੰਦੇ ਹਨ। ਕਿੰਨੇ ਜਨਮ, ਕਿੰਨਾ ਸਮਾ ਦੁੱਖ ਅਤੇ ਸੁਖ ਦਾ ਵਰਸਾ ਮਿਲਦਾ ਹੈ - ਇਹ ਵੀ ਹੈ ਸਭ ਤੁਹਾਨੂੰ ਦੱਸਦੇ ਹਨ। ਬਾਪ ਕਹਿੰਦੇ ਹਨ - ਸਿਰਫ਼ ਮੈਨੂੰ ਬਾਪ ਨੂੰ ਯਾਦ ਕਰੋ। ਮੈਂ ਆਤਮਾ ਪਰਮਪਿਤਾ ਪਰਮਾਤਮਾ ਦਾ ਬੱਚਾ ਹਾਂ। ਬਸ, ਬਾਪ ਨੂੰ ਯਾਦ ਕਰਦੇ ਰਹੋ ਤਾਂ ਤੁਹਾਡੇ ਵਿਕਰਮ ਵਿਨਾਸ਼ ਹੋ ਜਾਣਗੇ। ਤੁਸੀਂ ਵਿਕ੍ਰਮਾਜਿੱਤ ਰਾਜਾ ਬਣ ਜਾਵੋਗੇ। ਵਿਕ੍ਰਮਾਜਿੱਤ ਰਾਜੇ ਦਾ ਸਵੰਤ ਇੱਕ ਤੋਂ ਸ਼ੁਰੂ ਹੋਇਆ ਸਵੰਤ 2500 ਵਰ੍ਹੇ ਬਾਦ ਸ਼ੁਰੂ ਹੁੰਦਾ ਹੈ। ਵਿਕ੍ਰਮਾਜਿੱਤ ਅਤੇ ਵਿਕਰਮ, ਭਾਰਤਵਾਸੀਆਂ ਦੇ ਦੋ ਸਵੰਤ ਹਨ। ਵਿਕਰਮ ਦਾ ਵੀ ਸਵੰਤ ਸਭ ਜਾਣਦੇ ਹਨ, ਵਿਕ੍ਰਮਾਂਜਿੱਤ ਦਾ ਸਵੰਤ ਭੁੱਲ ਗਏ ਹਨ। ਇਹ ਹੈ ਪੜ੍ਹਾਈ।

ਦੇਖੋ, ਮੁਰਲੀ ਵੀ ਕਿੰਨਾ ਟ੍ਰੈਵਲ (ਯਾਤਰਾ) ਕਰਦੀ ਹੈ। ਨਹੀਂ ਤਾਂ ਗੋਪ - ਗੋਪੀਆਂ ਤੱਕ ਮੁਰਲੀ ਕਿਵੇਂ ਪਹੁੰਚੇ? ਟੇਪ੍ਸ ਵੀ ਜਾਂਦੀਆਂ ਹਨ। ਸਭ ਸੈਂਟਰਸ ਟੇਪ ਸੁਣਦੇ ਰਹਿਣਗੇ। ਇਹ ਮੁਰਲੀ ਹੈ ਵੰਡਰਫੁੱਲ। ਇਸਦੇ ਲਈ ਹੀ ਗਾਇਨ ਹੈ ਕਿ ਗੋਪੀਆਂ ਤੜ੍ਹਪਦੀ ਸੀ। ਬਾਪ ਕਹਿੰਦੇ ਹਨ ਮੈਂ ਆਉਂਦਾ ਹੀ ਹਾਂ ਪਤਿਤ ਦੁਨੀਆਂ ਵਿੱਚ। ਸਤਿਯੁਗ ਵਿੱਚ ਦੇਵਤਾਵਾਂ ਨੂੰ ਅਪਾਰ ਸੁਖ ਹੈ। ਇਨਾਂ ਸੁਖ ਕੋਈ ਪਾ ਨਾ ਸਕੇ। ਹੀਰੇ - ਜਵਾਹਰਾਤਾਂ ਦੇ ਮਹਿਲ ਵਿੱਚ ਰਹਿੰਦੇ ਹਨ। ਇੱਥੇ ਤਾਂ ਸੋਨਾ ਕਿੰਨਾ ਮਹਿੰਗਾ ਹੈ। ਉੱਥੇ ਤਾਂ ਤੁਸੀਂ ਸੋਨੇ ਦੀਆਂ ਇੱਟਾਂ ਦੇ ਮਹਿਲ ਬਣਾਓਗੇ। ਫਿਰ ਉਹਨਾਂ ਵਿੱਚ ਹੀਰਿਆਂ ਦੀ ਜੜ੍ਹਤ ਹੁੰਦੀ ਹੈ। ਬਾਪ ਬੱਚਿਆਂ ਨੂੰ ਕੀ ਤੋਂ ਕੀ ਬਣਾ ਦਿੰਦੇ ਹਨ। ਸਿਰਫ਼ ਪਵਿੱਤਰ ਰਹਿਣ ਦੀ ਪ੍ਰਤਿਗਿਆ ਕਰਨੀ ਹੈ। ਕ੍ਰੋਧ ਦਾ ਭੂਤ ਨਹੀਂ ਹੋਣਾ ਚਾਹੀਦਾ। ਸਮਝਿਆ ਜਾਂਦਾ ਹੈ ਇਹਨਾਂ ਵਿੱਚ ਭੂਤਾਂ ਦੀ ਪ੍ਰਵੇਸ਼ਤਾ ਹੈ, ਇਹਨਾਂ ਨੂੰ ਕਿਨਾਰੇ ਕਰ ਦਵੋ। ਬਹੁਤ ਹਨ ਜਿਨ੍ਹਾਂ ਦਾ ਹਾਲੇ ਤੱਕ ਮੋਹ ਨਸ਼ਟ ਨਹੀਂ ਹੁੰਦਾ ਹੈ। ਜਿਵੇਂ ਬਾਂਦਰੀ ਦਾ ਮੋਹ ਹੁੰਦਾ ਹੈ ਨਾ, ਇਵੇਂ ਬੱਚਿਆਂ ਆਦਿ ਵਿੱਚ ਮੋਹ ਅਟਕ ਜਾਂਦਾ ਹੈ। ਬਾਂਦਰ ਵਿੱਚ ਸਭਤੋਂ ਜ਼ਿਆਦਾ ਵਿਕਾਰੀ ਹੁੰਦੇ ਹਨ। ਤੁਹਾਨੂੰ ਹੁਣ ਬਾਂਦਰ ਤੋਂ ਮੰਦਿਰ ਲਾਇਕ ਬਣਾ ਰਹੇ ਹਨ।

ਰਾਖੀ ਬੰਧੰਨ ਦਾ ਰਾਜ਼ ਵੀ ਸਮਝਾਇਆ ਹੈ। ਰਾਖੀ ਬੰਧਨ ਦੀ ਗੱਲ ਨਹੀਂ ਹੈ। ਇਹ ਬਾਪ ਨਾਲ ਪ੍ਰਤਿਗਿਆ ਕੀਤੀ ਜਾਂਦੀ ਹੈ। ਮਿੱਠੇ ਬਾਬਾ, ਬੇਹੱਦ ਦੇ ਬਾਬਾ ਅੱਧਾਕਲਪ, ਅਸੀਂ ਭਗਤਾਂ ਨੇ ਤੁਹਾਨੂੰ ਯਾਦ ਕੀਤਾ ਹੈ। ਹੁਣ ਤੁਸੀਂ ਆਏ ਹੋ ਬੈਕੁੰਠ ਦਾ ਮਾਲਿਕ ਬਣਾਉਣ, ਇਸਲਈ ਅਸੀਂ ਤੁਹਾਡੇ ਮਦਦਗਾਰ ਬਣਦੇ ਹਾਂ। ਅਸੀਂ ਪ੍ਰਤਿਗਿਆ ਕਰਦੇ ਹਾਂ ਕਿ ਕਦੀ ਅਪਵਿੱਤਰ ਨਹੀਂ ਬਣਾਂਗੇ। ਪਵਿੱਤਰ ਬਣ ਭਾਰਤ ਨੂੰ ਪਵਿੱਤਰ ਬਣਾਵਾਂਗੇ। ਕਿੰਨੀ ਸਹਿਜ ਗੱਲ ਹੈ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਸ਼੍ਰੀਮਤ ਤੇ ਪਤਿਤ ਮਨੁੱਖਾਂ ਨੂੰ ਪਾਵਨ ਦੇਵਤਾ ਬਣਾਉਣ ਦੀ ਸੇਵਾ ਕਰਨੀ ਹੈ। ਬਾਪ ਦਾ ਪੂਰਾ - ਪੂਰਾ ਮਦਦਗਾਰ ਬਣਨਾ ਹੈ।

2. ਗਿਆਨ ਸਾਗਰ ਦਾ ਸਾਰਾ ਗਿਆਨ ਹਪ ਕਰਨਾ ਹੈ। ਬਾਪ ਦੀ ਯਾਦ ਨਾਲ ਵਿਕ੍ਰਮਾਂ ਨੂੰ ਦਗਧ ਕਰ ਵਿਕ੍ਰਮਾਂਜਿੱਤ ਬਣਨਾ ਹੈ।

ਵਰਦਾਨ:- ਕੋਈ ਵੀ ਡਿਊਟੀ ਵਜਾਉਂਦੇ ਹੋਏ ਖੁਦ ਨੂੰ ਸੇਵਾਧਾਰੀ ਸਮਝ ਸੇਵਾ ਕਰਨ ਵਾਲੇ ਡਬਲ ਫਲ ਦੇ ਅਧਿਕਾਰੀ ਭਵ

ਕੋਈ ਵੀ ਕੰਮ ਕਰਦੇ, ਦਫ਼ਤਰ ਵਿੱਚ ਜਾਂਦੇ ਜਾਂ ਬਿਜਨੈਸ ਕਰਦੇ - ਸਦਾ ਸਮ੍ਰਿਤੀ ਰਹੇ ਕਿ ਸੇਵਾ ਦੇ ਲਈ ਇਹ ਡਿਊਟੀ ਵਜਾ ਰਹੇ ਹਾਂ। ਸੇਵਾ ਦੇ ਨਿਮਿਤ ਇਹ ਕਰ ਰਿਹਾ ਹਾਂ - ਤਾਂ ਸੇਵਾ ਤੁਹਾਡੇ ਕੋਲ ਖੁਦ ਆਏਗੀ ਅਤੇ ਜਿੰਨੀ ਸੇਵਾ ਕਰੋਂਗੇ ਓਨੀ ਖੁਸ਼ੀ ਵਧਦੀ ਜਾਏਗੀ। ਭਵਿੱਖ ਤੇ ਜਮਾਂ ਹੋਵੇਗਾ ਹੀ ਪਰ ਪ੍ਰਤੱਖਫ਼ਲ ਖੁਸ਼ੀ ਮਿਲੇਗੀ। ਤਾਂ ਡਬਲ ਫ਼ਲ ਦੇ ਅਧਿਕਾਰੀ ਬਣ ਜਾਓਗੇ। ਯਾਦ ਅਤੇ ਸੇਵਾ ਵਿੱਚ ਬੁੱਧੀ ਬਿਜ਼ੀ ਹੋਵੇਗੀ ਤਾਂ ਸਦਾ ਹੀ ਫਲ ਖਾਂਦੇ ਰਹੋਂਗੇ।

ਸਲੋਗਨ:- ਜੋ ਸਦਾ ਖੁਸ਼ਹਾਲ ਰਹਿੰਦੇ ਹਨ ਉਹ ਖੁਦ ਨੂੰ ਅਤੇ ਸਭ ਨੂੰ ਪ੍ਰਿਯ ਲਗਦੇ ਹਨ।

******

ਇਸ ਮਹੀਨੇ ਦੀਆਂ ਸਭ ਮੁਰਲੀਆਂ (ਈਸ਼ਵਰੀ ਮਹਾਂਵਾਕ) ਨਿਰਾਕਾਰ ਪਰਮਾਤਮਾ ਸ਼ਿਵ ਨੇ ਬ੍ਰਹਮਾ ਮੁਖ ਕਮਲ ਨਾਲ ਆਪਣੇ ਬ੍ਰਹਮਾਵਤਸਾ ਮਤਲਬ ਬ੍ਰਹਮਾਕੁਮਾਰ ਅਤੇ ਬ੍ਰਹਮਾਕੁਮਾਰੀਆਂ ਦੇ ਸਮੁੱਖ 18-1-1969 ਤੋਂ ਪਹਿਲੇ ਉਚਾਰਣ ਕੀਤੇ ਸੀ। ਇਹ ਕੇਵਲ ਬ੍ਰਹਮਾਕੁਮਾਰੀਜ ਦੀ ਅਧਿਕ੍ਰਿਤ ਟੀਚਰ ਭੈਣਾਂ ਦਵਾਰਾ ਨਿਯਮਿਤ ਬੀ.ਕੇ. ਵਿਧਾਰਥੀਆਂ ਨੂੰ ਸੁਣਾਉਣ ਦੇ ਲਈ ਹਨ।